Roll No. ....................................

# 01/C

Total No. of Questions : 12] [Total No. of Printed Pages : 4

**X**

**2323**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI**

**Paper-A**

**(Morning Session)**

**Time Allowed : 3 Hours** **Maximum Marks : 65**

*ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ* **01/C** *ਜ਼ਰੂਰ ਦਰਜ ਕਰੋ ।*

*(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ* **24** *ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv) 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ । ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੈ ।*

*(v) ਪ੍ਰਸ਼ਨ-ਪੱਤਰ ਵਿੱਚ ਕੁੱਲ 12 ਪ੍ਰਸ਼ਨ ਹਨ ।*

*(vi)* ***ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ ।***

**1.** ਇਹ ਪ੍ਰਸ਼ਨ ਸੁੰਦਰ ਲਿਖਾਈ ਲਈ ਰਾਖਵਾਂ ਹੈ । *5*

**2.** ਵਸਤੂਨਿਸ਼ਠ ਪ੍ਰਸ਼ਨ : *10×1=10*

(ੳ) 'ਬਾਗ਼ੀ ਦੀ ਧੀ' ਕਹਾਣੀ ਕਿਸ ਕਹਾਣੀਕਾਰ ਦੀ ਲਿਖੀ ਹੋਈ ਹੈ ? *1*

(ਅ) 'ਕੁਲਫ਼ੀ' ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ । *1*

(ੲ) ਬਲਵੰਤ ਗਾਰਗੀ ਦੀ ਕਿਹੜੀ ਇਕਾਂਗੀ 'ਵੰਨਗੀ' ਵਿੱਚ ਦਰਜ਼ ਹੈ ? *1*

(ਸ) 'ਸਮੁੰਦਰੋਂ ਪਾਰ' ਇਕਾਂਗੀ ਅਨੁਸਾਰ ਬਲਵੰਤ ਢਿੱਲੋਂ ਹਰਦੇਵ ਦਾ ਕੀ ਲਗਦਾ ਸੀ ? *1*

(ਹ) 'ਇੱਕ ਹੋਰ ਨਵਾਂ ਸਾਲ' ਦੇ ਕਾਂਡ ਤਿੰਨ ਦਾ ਕੀ ਨਾਂ ਹੈ ? *1*

(ਕ) 'ਇੱਕ ਹੋਰ ਨਵਾਂ ਸਾਲ' ਦੇ ਕਾਂਡ ਦੋ ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ । *1*

(ਖ) ਗੁਰੂ ਅੰਗਦ ਦੇਵ ਜੀ ਕਿਸ ਕਾਵਿ-ਧਾਰਾ ਨਾਲ ਸੰਬੰਧਿਤ ਹਨ ? *1*

(ਗ) 'ਚੰਡੀ ਦੀ ਵਾਰ' ਦੀ ਰਚਨਾ ਕਿਸ ਨੇ ਕੀਤੀ ਹੈ ? *1*

(ਘ) ਕੀ ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਕਹਿੰਦੇ ਹਨ ? *1*

(ਙ) 'ਰਬਾਬ ਮੰਗਾਉਣ ਦਾ ਵਿਰਤਾਂਤ' ਲੇਖ ਦਾ ਲੇਖਕ ਕੌਣ ਹੈ ? *1*



www.mseducationtv.com
Scanned with OKEN Scanner

**3.** ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗਭਗ 150 ਸ਼ਬਦਾਂ ਵਿੱਚ ਲਿਖੋ : *5+5=10*

(ੳ) ਕੁਝ ਡਿਗਦੀ ਕੁਝ ਢਹਿੰਦੀ ਉਠਦੀ, ਢਹਿੰਦੀ ਤੇ ਦਮ ਲੈਂਦੀ ।
ਜਿਉ ਕਰ ਤੋਟ ਸ਼ਰਾਬੀ ਆਵੇ, ਫੇਰ ਉਤੇ ਵਲ ਵੈਂਦੀ ।
ਢੂੰਡੇ ਖੋਜ ਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ ।
ਹਾਸ਼ਮ ਜਗਤ ਨਾ ਕਿਉ ਕਰ ਗਾਵੇ, ਪ੍ਰੀਤ ਸੰਪੂਰਨ ਜੈਂਦੀ । 5

(ਅ) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇਂ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ । 5

(ੲ) ਭਾਗੁ ਹੋਆ ਗੁਰਿ ਸੰਤੁ ਮਿਲਾਇਆ ।।
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ।।
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ।।
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ।। 5

(ਸ) ਸਾਈ ਜਿਨ੍ਹਾਂਦੜੇ ਵਲਿ,
ਤਿਨ੍ਹਾਂ ਨੂੰ ਗਮ ਕੇਂਦਾ, ਵੇ ਲੋਕਾ ।
ਸੇਈ ਭਲੀਆਂ ਜੋ ਰੱਬ ਵਲਿ ਆਈਆਂ,
ਜਿਨ੍ਹਾਂ ਨੂੰ ਇਸ਼ਕ ਚਰੋਕਾ ਵੇ ਲੋਕਾ ।
ਇਸ਼ਕੇ ਦੀ ਸਿਰ ਖਾਰੀ ਚਾਈਆ,
ਦਰ ਦਰ ਦੇਨੀਆਂ ਹੋਕਾ ਵੇ ਲੋਕਾ |2| 5

**4.** ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ***ਇੱਕ*** ਦਾ ਕੇਂਦਰੀ ਭਾਵ ਲਗਭਗ 40 ਸ਼ਬਦਾਂ ਵਿੱਚ ਲਿਖੋ : 4

(ੳ) ਸਤਿਗੁਰ ਨਾਨਕ ਪ੍ਰਗਟਿਆ (ਭਾਈ ਗੁਰਦਾਸ ਜੀ)

(ਅ) ਇਸ਼ਕ ਦੀ ਨਵੀਉਂ ਨਵੀਂ ਬਹਾਰ (ਬੁੱਲ੍ਹੇ ਸ਼ਾਹ ਜੀ)

**5.** ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ***ਇੱਕ*** ਦਾ ਸਾਰ ਲਗਭਗ 150 ਸ਼ਬਦਾਂ ਵਿੱਚ ਲਿਖੋ : 6

(ੳ) ਪ੍ਰਾਰਥਨਾ (ਡਾ. ਬਲਬੀਰ ਸਿੰਘ)

(ਅ) ਮਹਾਂਕਵੀ ਕਾਲੀਦਾਸ (ਪ੍ਰੋ. ਪਿਆਰਾ ਸਿੰਘ ਪਦਮ)



www.mseducationtv.com
Scanned with OKEN Scanner

6. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ : *2+2=4*

(ੳ) ਪੁਰਾਣੇ ਸਮੇਂ ਵਿੱਚ ਭਲਵਾਨ ਕਿਵੇਂ ਪਿੰਡਾਂ ਉੱਤੇ ਫ਼ਤਹਿ ਪ੍ਰਾਪਤ ਕਰਦੇ ਸਨ ? *2*

(ਅ) ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ ? *2*

(ੲ) ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ ? *2*

(ਸ) ਬਚਪਨ 'ਚ ਬੋਲੀ ਦਾ ਖ਼ਜ਼ਾਨਾ ਸਾਨੂੰ ਕਿਵੇਂ ਅਮੀਰ ਬਣਾ ਦਿੰਦਾ ਹੈ ? *2*

7. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ***ਇੱਕ*** ਦਾ ਸਾਰ ਲਗਭਗ 150 ਸ਼ਬਦਾਂ ਵਿੱਚ ਲਿਖੋ : *5*

(ੳ) ਮੜ੍ਹੀਆਂ ਤੋਂ ਦੂਰ (ਰਘੁਬੀਰ ਢੰਡ)

(ਅ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ)

8. ਕਹਾਣੀਆਂ ਦੇ ਆਧਾਰ 'ਤੇ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦੇ ਉੱਤਰ ਲਿਖੋ : *2+2=4*

(ੳ) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆ ਤੋਂ ਤੁਰ ਜਾਣ ਦੇ ਕੀ ਕਾਰਨ ਸਨ ? *2*

(ਅ) ਬੰਮ ਨੂੰ ਮਾਤਾ ਦੀਨ ਨਾਲ ਕਿਸ ਗੱਲੋਂ ਈਰਖਾ ਸੀ ? *2*

(ੲ) ਕੁਲਫ਼ੀ ਵਾਲੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ ? *2*

(ਸ) ਅਮਰੀਕ ਸਿੰਘ ਨੂੰ ਆਪਣੇ ਘਰਦਿਆਂ ਨਾਲ ਕਿਸ ਗੱਲ ਦਾ ਇਤਰਾਜ਼ ਸੀ ? *2*

9. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ***ਇੱਕ*** ਪਾਤਰ ਦਾ ਪਾਤਰ-ਚਿਤਰਨ ਲਗਭਗ 125 ਸ਼ਬਦਾਂ ਵਿੱਚ ਲਿਖੋ : *5*

(ੳ) ਵਜ਼ੀਰਾ (ਇਕਾਂਗੀ : ਬੰਬ ਕੇਸ)

(ਅ) ਮਰਸੀ (ਇਕਾਂਗੀ : ਸਮੁੰਦਰੋਂ ਪਾਰ)

10. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ***ਇੱਕ*** ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਦਿਓ : *1+1+1=3*

(ੳ) ''ਨਹੀਂ ਤੂੰ ਭੁਲੇਖੇ ਵਿੱਚ ਰਿਹਾ ਹੈ । ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ । ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ ।'' https://www.punjabboardonline.com

ਪ੍ਰਸ਼ਨ :

(i) ਇਹ ਸ਼ਬਦ ਕਿਸਨੇ, ਕਿਸਨੂੰ ਅਤੇ ਕਦੋਂ ਕਹੇ ? *1*

(ii) ਅਸ਼ੋਕ ਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਂਹਾਂ ਕਿਵੇਂ ਪੱਕੀਆਂ ਕੀਤੀਆਂ ਸਨ ? *1*

(iii) ਔਰੰਗਜ਼ੇਬ ਦੀ ਹਕੂਮਤ ਤੋਂ ਦੁਖੀ ਕਿਹੜੇ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ ? *1*

**ਜਾਂ**

(ਅ) ''ਮੈਨੂੰ ਪਹਿਲਾਂ ਈ ਸ਼ੱਕ ਸੀ । ਉਹ ਮੇਰੇ ਨਾਲ ਅੱਖਾਂ ਨਹੀਂ ਮੇਲ ਸਕਣਗੇ । ਉਹਨਾਂ ਦੀ ਸ਼ਿਰਾਫ਼ਤ ਦਾ ਝੁੰਗਲਮਾਟਾ ਪਾਟ ਜੁ ਜਾਣਾ ਹੋਇਆਤੇ ਫੇਰ ਮੈਂ ਵੀ ਪਾਣੀ ਰਿੜਕ ਕੇ ਕੀ ਲੈਣਾ ? ਨੀਟੂ ਬਾਰੇ ਤੁਸੀਂ ਪੁੱਛ ਲੈਣਾ, ਉਹ ਝੋਲ਼ੀ ਪਾਂਦੇ ਨੇ ਜਾਂ ਨਹੀਂ ।''

ਪ੍ਰਸ਼ਨ :

(i) ਇਹ ਸ਼ਬਦ ਕਿਸਨੇ, ਕਿਸਨੂੰ ਅਤੇ ਕਦੋਂ ਕਹੇ ? *1*

(ii) ਸ਼ਰਨਜੀਤ ਨੂੰ ਬਾਜਵੇ 'ਤੇ ਕੀ ਸ਼ੱਕ ਸੀ ? *1*

(iii) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ ? *1*



www.mseducationtv.com
Scanned with OKEN Scanner

**11.** ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ **ਕਿਸੇ *ਇੱਕ*** ਦਾ ਪਾਤਰ-ਚਿਤਰਨ ਲਗਭਗ 150 ਸ਼ਬਦਾਂ ਵਿੱਚ ਲਿਖੋ : *6*

(ੳ) ਤਾਰੋ

(ਅ) ਫੁੰਮਣ

**12.** ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਲਗਭਗ 40 ਸ਼ਬਦਾਂ ਵਿੱਚ ਲਿਖੋ : *1+2=3*

(ੳ) ''ਖੇਡਿਆ ਮੱਲਿਆ ਕਰ ਨਾ ਬੱਚਿਆਂ ਨਾਲ, ਤੂੰ ਤਾਂ ਉਹਨਾਂ ਨੂੰ ਬੁਲਾਂਦੀ ਈ ਨਹੀਂ ।''

**ਜਾਂ**

(ਅ) ''ਸਾਡੇ ਕੋਲ਼ ਵਿਹਲ ਕਿੱਥੇ ਬਾਤਾਂ ਸੁਣਨ ਦੀ, ਛੋਟੇ ਹੁੰਦਿਆਂ ਸੁਣਦੇ ਸੀ ਬੇਬੇ ਕੋਲੋਂ ।''



www.mseducationtv.com

Scanned with OKEN Scanner